157
27/02/17

JE/15
27/2/17

pstcl

# ਪੰਜਾਬ ਸਟੇਟ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ

(ਰਜਿ: ਦਫਤਰ: ਪੀ.ਐਸ.ਈ.ਬੀ., ਹੈਡ ਆਫਿਸ,ਦੀ ਮਾਲ,ਪਟਿਆਲਾ-147001,ਪੰਜਾਬ,ਭਾਰਤ)
ਕਾਰਪੋਰੇਟ ਆਈ.ਡੀ.ਨੰ: U40109PB2010SGC033814
ਦਫਤਰ: ਉਪ ਮੁੱਖ ਇੰਜੀਨੀਅਰ/ ਐਚ.ਆਰ. ਤੇ ਪ੍ਰਬੰਧਕੀ,ਸ਼ਕਤੀ ਸਦਨ,ਪਟਿਆਲਾ।
ਫੈਕਸ ਨੰ: 0175-2220054 ਟੈਲੀਫੋਨ ਨੰ: 0175-2225907 ਵੈਬ ਸਾਇਟ: pstcl.org

ਵੱਲ

1) ਪ੍ਰਮੁੱਖ ਇੰਜੀਨੀਅਰ/ਟੀ.ਐਸ., ਪੀ.ਐਸ.ਟੀ.ਸੀ.ਐਲ.,ਪਟਿਆਲਾ।
2) ਮੁੱਖ ਇੰਜੀਨੀਅਰ/ਪੀ ਤੇ ਐਮ, ਪੀ.ਐਸ.ਟੀ.ਸੀ.ਐਲ.,ਲੁਧਿਆਣਾ।
3) ਮੁੱਖ ਇੰਜੀਨੀਅਰ/ਐਸ.ਐਲ.ਡੀ.ਸੀ., ਪੀ.ਐਸ.ਟੀ.ਸੀ.ਐਲ.,ਅਬਲੋਵਾਲ।
4) ਚੀਫ ਆਡਿਟਰ, ਪੀ.ਐਸ.ਟੀ.ਸੀ.ਐਲ., ਪਟਿਆਲਾ।
5) ਉਪ ਮੁੱਖ ਇੰਜੀ:/ਟੈਕਨੀਕਲ ਆਡਿਟ, ਪੀ.ਐਸ.ਟੀ.ਸੀ.ਐਲ.,ਪਟਿਆਲਾ।
6) ਸਮੂਹ ਉਪ ਮੁੱਖ ਇੰਜੀਨੀਅਰ, ਅਧੀਨ ਪੀ.ਐਸ.ਟੀ.ਸੀ.ਐਲ.।
7) ਨਿਗਰਾਨ ਇੰਜੀਨੀਅਰ/ ਪਲਾਨਿੰਗ, ਪੀ.ਐਸ.ਟੀ.ਸੀ.ਐਲ.,ਪਟਿਆਲਾ।
8) ਵਿੱਤ ਸਲਾਹਕਾਰ, ਪੀ.ਐਸ.ਟੀ.ਸੀ.ਐਲ.,ਪਟਿਆਲਾ।
9) ਸੀ.ਐਫ.ਓ., ਪੀ.ਐਸ.ਟੀ.ਸੀ.ਐਲ.,ਪਟਿਆਲਾ।
10) ਕੰਪਨੀ ਸੈਕਟਰੀ, ਪੀ.ਐਸ.ਟੀ.ਸੀ.ਐਲ.,ਪਟਿਆਲਾ।
11) ਉਪ ਸਕੱਤਰ/ਲੀਗਲ ਭਾਗ, ਪੀ.ਐਸ.ਟੀ.ਸੀ.ਐਲ.,ਪਟਿਆਲਾ।

ਅਤਿ ਜ਼ਰੂਰੀ
ਮਿਤੀ ਬੱਧ

**ਮੀਮੋ ਨੰ: 2386/96 /Gazt./Gen-II/SE/Admn. ਮਿਤੀ: 21.02.2017**

ਵਿਸ਼ਾ:- **ਸੀ.ਆਰ.ਏ. 01/2011 ਅਤੇ 02/2012 ਪੀ.ਐਸ.ਟੀ.ਸੀ.ਐਲ. ਅਧੀਨ ਭਰਤੀ ਕੀਤੇ ਗਏ ਅਧਿਕਾਰੀਆਂ/ਕਰਮਚਾਰੀਆਂ ਦੀਆਂ ਵਿੱਤੀ ਸਾਲ 2016-17 ਦੀਆਂ ਗੁਪਤ ਯੋਗਤਾ ਰਿਪੋਰਟਾਂ ਦੇ ਨਾਲ ਗਰੁੱਪ ਬੀ ਕਰਮਚਾਰੀਆਂ ਦੀਆਂ ਪ੍ਰਾਪਰਟੀ ਰਿਟਰਨਾਂ ਵੀ ਭੇਜਣ ਸਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਪੀ.ਐਸ.ਟੀ.ਸੀ.ਐਲ. ਅਧੀਨ ਸਮੂਹ ਅਧਿਕਾਰੀਆਂ/ਕਰਮਚਾਰੀਆਂ ਜਿਨ੍ਹਾਂ ਨੂੰ ਸੀ.ਆਰ.ਏ. 01/2011 ਅਤੇ 02/2012 ਪੀ.ਐਸ.ਟੀ.ਸੀ.ਐਲ. ਅਧੀਨ ਭਰਤੀ ਕਰਨ ਉਪਰੰਤ ਆਪ ਜੀ ਦੇ ਦਫਤਰ ਵਿਖੇ ਤੈਨਾਤ ਕੀਤਾ ਗਿਆ ਸੀ, ਉਨ੍ਹਾਂ ਦੀਆਂ ਵਿੱਤੀ ਸਾਲ 2016-17 ਦੀਆਂ ਗੁਪਤ ਯੋਗਤਾ ਰਿਪੋਰਟਾਂ ਸਮੇਤ ਗਰੁੱਪ ਬੀ ਕਰਮਚਾਰੀਆਂ ਦੀਆਂ ਪ੍ਰਾਪਰਟੀ ਰਿਟਰਨਾਂ ਮਿਤੀ 30.04.2017 ਤੱਕ ਇਸ ਦਫਤਰ ਨੂੰ ਭੇਜਣੀਆਂ ਯਕੀਨੀ ਬਣਾਈਆਂ ਜਾਣ।ਅਧਿਕਾਰੀਆਂ/ਗਰੁੱਪ ਬੀ ਕਰਮਚਾਰੀਆਂ ਦੀਆਂ ਪ੍ਰਾਪਰਟੀ ਰਿਟਰਨਾਂ ਤੋਂ ਬਿਨਾਂ ਗੁਪਤ ਯੋਗਤਾ ਰਿਪੋਰਟਾਂ ਸਵੀਕਾਰ ਨਹੀਂ ਕੀਤੀਆਂ ਜਾਣਗੀਆਂ।

ਆਮ ਤੌਰ ਤੇ ਇਹ ਵੇਖਣ ਵਿੱਚ ਆਇਆ ਹੈ ਕਿ ਸਲਾਨਾ ਗੁਪਤ ਯੋਗਤਾ ਰਿਪੋਰਟਾਂ ਲਿਖਣ ਸਮੇਂ ਇਨ੍ਹਾਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਨਹੀਂ ਕੀਤੀ ਜਾਂਦੀ। ਸਿੱਟੇ ਵੱਜੋਂ ਇਸ ਦਫਤਰ ਨੂੰ ਵਾਧੂ ਪੱਤਰ ਵਿਹਾਰ ਕਰਨਾ ਪੈਂਦਾ ਹੈ, ਜਿਸ ਕਾਰਨ ਗੁਪਤ ਯੋਗਤਾ ਰਿਪੋਰਟਾਂ ਨੂੰ ਨੇਪਰੇ ਚਾੜਨ ਲਈ ਬਹੁਤ ਸਮਾਂ ਲੱਗ ਜਾਂਦਾ ਹੈ।

ਸਾਲ 2016-17 ਦੀਆਂ ਗੁਪਤ ਯੋਗਤਾ ਰਿਪੋਰਟਾ ਸਮੇਤ ਪ੍ਰਾਪਰਟੀ ਰਿਟਰਨਾਂ ਭੇਜਣ ਸਮੇਂ ਹਦਾਇਤਾਂ ਨੂੰ ਵੀ ਧਿਆਨ ਵਿੱਚ ਰੱਖਦੇ ਹੋਏ ਮਿਤੀ 30.04.2017 ਤੱਕ ਹਰ ਹਾਲਤ ਵਿੱਚ ਇਸ ਦਫਤਰ ਨੂੰ ਭੇਜੀਆਂ ਜਾਣ ਜੀ।

ਅਧਿਕਾਰੀਆਂ ਵੱਲੋਂ ਗੁਪਤ ਯੋਗਤਾ ਰਿਪੋਰਟਾਂ ਇਨੀਸ਼ੀਏਟ/ਰਿਪੋਰਟ/ਰੀਵਿਊ/ਮੰਨਜ਼ੂਰ ਕਰਨ ਸਮੇਂ ਆਪਣੇ ਨਾਂ/ਕੋਡ/ਦਫਤਰ ਦੀ ਮੋਹਰ ਲਗਾਈ ਜਾਣੀ ਸੁਨਿਸ਼ਚਿਤ ਕੀਤੀ ਜਾਵੇ ਜੀ।

ਆਪ ਜੀ ਦੀ ਸੰਸਥਾ ਅਧੀਨ ਜੇਕਰ ਕਿਸੇ ਅਧਿਕਾਰੀ/ ਕਰਮਚਾਰੀ ਦੀ ਕਿਸੇ ਸਮੇਂ ਦੀ ਗੁਪਤ ਯੋਗਤਾ ਰਿਪੋਰਟ ਲਿਖਣੀ ਨਹੀਂ ਬਣਦੀ ਤਾਂ ਗੁਪਤ ਯੋਗਤਾ ਰਿਪੋਰਟ ਵਿੱਚ ਰਿਪੋਰਟਿੰਗ ਅਫਸਰ ਦਾ ਨਾਮ/ਦਫਤਰ/ਠਹਿਰਾ ਦਾ ਸਮਾਂ ਜਾਂ ਫਿਰ ਅਧਿਕਾਰੀ/ਕਰਮਚਾਰੀ ਵੱਲੋਂ ਆਪਣੀ ਸੈਲਫ ਅਪਰੇਸ਼ਲ ਵਿੱਚ ਤਰੱਕੀ/ਬਦਲੀ ਦੇ ਕੇਸ ਵਿੱਚ ਗੁਪਤ ਯੋਗਤਾ ਰਿਪੋਰਟ ਨਾ ਲਿਖਣ ਦਾ ਸਮਾਂ ਤੇ ਦਫਤਰ ਵੀ ਦਰਸਾਇਆ ਜਾਵੇ। ਅਧਿਕਾਰੀ/ਕਰਮਚਾਰੀ ਦੀ ਸੈਲਫ ਅਪਰੇਸ਼ਲ ਤੇ ਰਿਪੋਰਟਿੰਗ ਤੇ ਪੜਤਾਲੀਆ ਅਧਿਕਾਰੀਆਂ ਵੱਲੋਂ ਆਪਣੀ ਸਹਿਮਤੀ/ਅਸਹਿਮਤੀ ਵੀ ਦਰਸਾਈ ਜਾਵੇ ਜੀ।

ਇਸ ਤੇ ਪਰਮ ਅਗੇਤ ਦਿੱਤੀ ਜਾਵੇ।ਇਹ ਸਮਰੱਥ ਅਧਿਕਾਰੀ ਦੀ ਪ੍ਰਵਾਨਗੀ ਨਾਲ ਜ਼ਾਰੀ ਕੀਤਾ ਜਾਂਦਾ ਹੈ ਜੀ।

21/2

ਉਪ ਸਕੱਤਰ/ਅਮਲਾ,
ਪੀ.ਐਸ.ਟੀ.ਸੀ.ਐਲ.,ਪਟਿਆਲਾ।

**ਸੀਸੀ/ 2397 ਮਿਤੀ 21.02.2017**

ਸੀਨੀ.ਕਾਰਜਕਾਰੀ ਇੰਜੀ:/ਆਈ.ਟੀ., ਪੀ.ਐਸ.ਟੀ.ਸੀ.ਐਲ.,ਪਟਿਆਲਾ ਨੂੰ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਉਪਰੋਕਤ ਹਦਾਇਤਾਂ ਨੂੰ ਪੀ.ਐਸ.ਟੀ.ਸੀ.ਐਲ., ਪਟਿਆਲਾ ਦੀ ਵੈਬਸਾਈਟ ਤੇ ਪਾਇਆ ਜਾਵੇ ਜੀ।